# ਵਰਲਡ ਪੰਜਾਬੀ ਟਾਈਮਜ਼

A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times — 18 ਨਵੰਬਰ 2023 ਦਿਨ ਸ਼ਨੀਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਾ. ਦੇਵਿੰਦਰ ਸੈਫ਼ੀ ਦਾ ਸ਼ਾਹ ਮੁਹੰਮਦ ਯਾਦਗਾਰੀ ਐਵਾਰਡ ਨਾਲ ਵਿਸ਼ੇਸ਼ ਸਨਮਾਨ



ਫਰੀਦਕੋਟ, 18 ਨਵੰਬਰ : ਫਰੀਦਕੋਟ ਜ਼ਿਲ੍ਹੇ ਦੇ ਪਿੰਡ ਮੋਰਾਂਵਾਲੀ ਵਿਖੇ ਰਹਿ ਰਹੇ ਡਾ. ਦੇਵਿੰਦਰ ਸੈਫ਼ੀ ਨੂੰ ਸ਼ਾਹ ਮੁਹੰਮਦ ਯਾਦਗਾਰੀ ਐਵਾਰਡ ਨਾਲ ਸਨਮਾਨਿਆ ਗਿਆ ਹੈ। ਇਹ ਸਨਮਾਨ ਸਾਂਝੀ ਪੰਜਾਬੀਅਤ ਦੇ ਮਹਾਨ ਸ਼ਾਇਰ ਸ਼ਾਹ ਮੁਹੰਮਦ ਦੇ ਪਿੰਡ ਵਡਾਲਾ ਦੇ ਲਾਗੇ ਮਜੀਠਾ ਵਿਖੇ ਸ਼ੰਗਾਰਾ ਸਿੰਘ ਚੈਰੀਟੇਬਲ ਸੁਸਾਇਟੀ, ਸਾਹਿਤ ਸਭਾ ਚੁਗਾਵਾਂ ਅਤੇ ਪ੍ਰਗਤੀਸ਼ੀਲ ਲੇਖਕ ਇਕਾਈ ਮਜੀਠਾ ਦੇ ਨੁਮਾਇੰਦਿਆਂ ਵੱਲੋਂ ਸਾਂਝੇ ਤੌਰ 'ਤੇ ਭੇਂਟ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਕਵੀ ਦਰਬਾਰ ਹੋਇਆ, ਜਿਹੜਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਰਿਹਾ। ਇਸ ਮੌਕੇ ਬੋਲਦਿਆਂ ਕੁਲਦੀਪ ਸਿੰਘ ਕਾਹਲੋਂ, ਨਵਜੋਤ ਸਿੰਘ ਭੰਗੂ, ਧਰਮਿੰਦਰ ਔਲਖ, ਸੁਖਬੀਰ ਸਿੰਘ ਅਤੇ ਭੁਪਿੰਦਰ ਸੰਧੂ ਨੇ ਡਾ. ਸੈਫ਼ੀ ਦੀਆਂ ਲਿਖਤਾਂ ਅਤੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਸਨਮਾਨ ਪੱਤਰ ਵਿੱਚ ਸੈਫ਼ੀ ਦੀਆਂ ਸਾਂਝੀ ਪੰਜਾਬੀਅਤ ਨੂੰ ਸਮਰਪਿਤ ਲਿਖਤਾਂ ਦਾ ਗੁਣਗਾਨ ਕੀਤਾ ਗਿਆ। ਸਟੇਜ ਦਾ ਸੰਚਾਲਨ ਨਿਰੰਜਨ ਸਿੰਘ ਗਿੱਲ ਨੇ ਕੀਤਾ। ਮੇਵਾ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਫਰੀਦਕੋਟ, ਸੁਖਚੈਨ ਸਿੰਘ ਬਰਾੜ, ਡਾਇਰੈਕਟਰ, ਮੇਜਰ ਅਜਾਇਬ ਸਿੰਘ ਸਿੱਖਿਆ ਸੰਸਥਾ, ਦਵਿੰਦਰ ਪੰਜਾਬ ਮੋਟਰਜ਼ (ਰੋਟਰੀ ਕਲੱਬ), ਡਾ. ਬਲਜੀਤ ਸ਼ਰਮਾ, ਉੱਘੇ ਮੰਚ ਸੰਚਾਲਕ ਜਸਬੀਰ ਜੱਸੀ, ਡਾ. ਪਰਮਿੰਦਰ ਸਿੰਘ (ਰਿਟਾ. ਪ੍ਰਿੰਸੀਪਲ), ਬੇਬਾਕ ਰਿਪੋਟਰ ਗੁਰਿੰਦਰ ਸਿੰਘ ਮਹਿੰਦੀਰੱਤਾ, ਲਾਇਨ ਸੁਰਜੀਤ ਸਿੰਘ ਤੋਂ ਇਲਾਵਾ ਵੱਖ ਵੱਖ ਸਿੱਖਿਆ ਸੰਸਥਾਵਾਂ, ਯੂਥ ਕਲੱਬਾਂ ਅਤੇ ਸਾਹਿਤ ਸਭਾਵਾਂ ਨੇ ਇਸ ਐਵਾਰਡ ਦੀ ਖ਼ੁਸ਼ੀ ਜ਼ਾਹਰ ਕਰਦਿਆਂ ਡਾ. ਸੈਫ਼ੀ ਨੂੰ ਮੁਬਾਰਕ ਬਾਦ ਦਿੱਤੀ।

## ਫ਼ਰੀਦਕੋਟ ਦੇ ਸੁਖਚਰਨ ਸਿੰਘ ਚੰਨੀ ਰੈਵੇਨਿਊ ਅਫ਼ਸਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਚੁਣੇ ਗਏ

### ਨਾਇਬ ਤਹਿਸੀਲਦਾਰ ਮਨਿੰਦਰ ਸਿੰਘ ਜਨਰਲ ਸਕੱਤਰ ਤੇ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਖਜ਼ਾਨਚੀ ਬਣੇ



ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾ

ਫਰੀਦਕੋਟ, 18 ਨਵੰਬਰ : ਪੰਜਾਬ ਰੈਵੇਨਿਊ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ 'ਚ ਜੱਥੇਬੰਦੀ ਦੀ ਸੂਬਾ ਐਗਜੈਕਟਿਵ ਬਾਡੀ ਲਈ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਸਮੇ ਫ਼ਰੀਦਕੋਟ ਦੇ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਨੂੰ ਪ੍ਰਧਾਨ ਚੁਣ ਲਿਆ ਗਿਆ। ਡੀ.ਆਰ.ਓ.ਨਵਦੀਪ ਸਿੰਘ ਭੋਗਲ, ਤਹਿਸੀਲਦਾਰ ਲਛਮਣ ਸਿੰਘ, ਨਾਇਬ ਤਹਿਸੀਲਦਾਰ ਅਚਰਨਾ ਸ਼ਰਮਾ, ਤਹਿਸੀਲਦਾਰ ਲਾਰਸ ਚਾਰੇ, ਸਹਿ ਪ੍ਰਧਾਨ, ਤਹਿਸੀਲਦਾਰ ਜੀਵਨ ਗਰਗ, ਤਹਿਸੀਲਦਾਰ ਕੁਲਦੀਪ ਸਿੰਘ (ਡੀ.ਬੀ), ਤਹਿਸੀਲਦਾਰ ਪਰਮਪ੍ਰੀਤ ਸਿੰਘ ਗੋਰਾਇਆ, ਤਹਿਸੀਲਦਾਰ ਡਾ.ਸੁਮੀਤ ਢਿੱਲੋਂ ਚਾਰਾਂ ਨੂੰ ਕੋ-ਆਰਡੀਨੇਟਰ, ਨਾਇਬ ਤਹਿਸੀਲਦਾਰ ਮਨਿੰਦਰ ਸਿੰਘ ਜਨਰਲ ਸਕੱਤਰ ਅਤੇ ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ। ਡੀ.ਆਰ.ਓ. ਸੰਦੀਪ ਸਿੰਘ,ਤਹਿਸੀਲਦਾਰ ਜਸਵਿੰਦਰ ਸਿੰਘ, ਤਹਿਸੀਲਦਾਰ ਜਗਸੀਰ ਸਿੰਘ ਸਰਾਂ, ਨਾਇਬ ਤਹਿਸੀਲਦਾਰ ਚਰਨਜੀਤ ਕੌਰ ਚਾਰੇ ਸੀਨੀਅਰ ਮੀਤ ਪ੍ਰਧਾਨ, ਨਾਇਬ ਤਹਿਸੀਲਦਾਰ ਸਪਨਦੀਪ ਕੌਰ,ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ,ਨਾਇਬ ਤਹਿਸੀਲਦਾਰ ਰਾਕੇਸ਼ ਅਗਰਵਾਲ ਤਿੰਨੇ ਮੀਤ ਪ੍ਰਧਾਨ, ਡੀ.ਆਰ.ਓ.ਵਿਨੈ ਬਾਂਸਲ ਤੇ ਨਾਇਬ ਤਹਿਸੀਲਦਾਰ ਹਰਿੰਦਰਜੀਤ ਸਿੰਘ ਦੋਵੇਂ ਮੀਡੀਆ ਕੋਆਰਡੀਨੇਟਰ, ਨਾਇਬ ਤਹਿਸੀਲਦਾਰ ਪਵਨਦੀਪ ਸਿੰਘ ਤੇ ਨਾਇਬ ਤਹਿਸੀਲਦਾਰ ਅਨੁਦੀਪ ਸ਼ਰਮਾ ਦੋਵੇਂ ਆਰਗੇਨਾਈਜੇਸ਼ਨ ਸਕੱਤਰ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ, ਨਾਇਬ ਤਹਿਸੀਲਦਾਰ ਰਾਜ ਕੁਮਾਰ, ਨਾਇਬ ਤਹਿਸੀਲਦਾਰ ਜਗਸੀਰ ਸਿੰਘ ਚਾਰਾਂ ਨੂੰ ਜੁਆਇੰਟ ਸਕੱਤਰ ਚੁਣਿਆ ਗਿਆ। ਪੰਜਾਬ ਰੈਵੇਨਿਊ ਅਫ਼ਸਰ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਜਾਣ ਤੇ ਸੁਖਚਰਨ ਸਿੰਘ ਚੰਨੀ ਨੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਉਹ ਹਰ ਅਫ਼ਸਰ, ਅਧਿਕਾਰੀਆਂ ਦੀ ਹਰ ਮੁਸ਼ਕਿਲ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਨ ਵਾਸਤੇ ਸੰਜੀਦਗੀ ਨਾਲ ਯਤਨ ਕਰਨਗੇ।

## ਡਾ: ਮਨਜੀਤ ਸਿੰਘ ਮਝੈਲ ਜੀ ਦਾ ਕਹਾਣੀ ਸੰਗ੍ਰਹਿ ਲੋਕ-ਅਰਪਣ



ਵਰਲਡ ਪੰਜਾਬੀ ਟਾਈਮਜ਼ — ਦਵਿੰਦਰ ਕੌਰ ਢਿੱਲੋਂ

ਸਾਹਿਤ ਵਿਗਿਆਨ ਕੇਂਦਰ ਦੀ ਵਿਸ਼ੇਸ਼ ਇਕੱਤਰਤਾ ਪੰਜਾਬ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਹੋਈ।ਡਾ: ਸਰਬਜੀਤ ਕੌਰ ਸੋਹਲ ( ਪ੍ਰਧਾਨ, ਪੰਜਾਬ ਸਾਹਿਤ ਅਕਾਡਮੀ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਡਾ: ਲਾਭ ਸਿੰਘ ਖੀਵਾ ਜੀ ( ਸਾਬਕਾ ਪ੍ਰਧਾਨ,ਕੇਂਦਰ ਪੰਜਾਬੀ ਲੇਖਕ ਸਭਾ ਰਜਿ;) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਜੀ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਕੇਂਦਰ ਦੀ ਕਾਰਗੁਜ਼ਾਰੀ ਬਾਰੇ ਪੰਛੀ-ਝਾਤ ਪੁਆਈ।ਜਗਤਾਰ ਸਿੰਘ ਜੋਗ ਵਲੋਂ ਧਾਰਮਿਕ ਗੀਤ ਗਾਉਣ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਪ੍ਰਧਾਨਗੀ ਮੰਡਲ ਅਤੇ ਜਨ: ਸਕਤਰ ਦਵਿੰਦਰ ਕੌਰ ਢਿੱਲੋਂ ਜੀ ਨੇ ਪੁਸਤਕ ਲੋਕ-ਅਰਪਣ ਕੀਤੀ।ਪੁਸਤਕ ਬਾਰੇ ਪਰਚਾ ਪੜ੍ਹਦਿਆਂ ਸ੍ਰੀਮਤੀ ਮਨਜੀਤ ਕੌਰ ਮੋਹਾਲੀ ਨੇ ਕਹਾਣੀਆਂ ਨੂੰ ਸੰਵੇਦਨਾ ਭਰਪੂਰ ਅਤੇ ਸਧਾਰਨ ਵਰਗ ਦੇ ਲੋਕਾਂ ਵਲੋਂ ਜਿੰਦਗੀ ਵਿਚ ਕੀਤੀ ਜਾਂਦੀ ਜੱਦੋ ਜਹਿਦ ਦੱਸਿਆ।ਸ੍ਰੀਮਤੀ ਦਵਿੰਦਰ ਕੌਰ ਢਿੱਲੋਂ ਜੀ ਨੇ ਪਰਚਾ ਪੜ੍ਹਦਿਆਂ ਦੱਸਿਆ ਕਿ ਕਹਾਣੀਆਂ ਸੱਚਾਈ ਦੇ ਨੇੜੇ ਹਨ ਅਤੇ ਹਰ ਪਾਠਕ ਨੂੰ ਮੋਂਹਦੀਆਂ ਹਨ।ਵਿਚਾਰ ਚਰਚਾ ਵਿਚ ਡਾ: ਅਵਤਾਰ ਸਿੰਘ ਪਤੰਗ ਜੀ, ਡਾ: ਸੁਰਿੰਦਰ ਗਿੱਲ, ਬਲਕਾਰ ਸਿੱਧੂ ਅਤੇ ਸਿਰੀ ਰਾਮ ਅਰਸ਼ ਜੀ ਨੇ ਭਾਗ ਲਿਆ।ਲੇਖਕ ਮਝੈਲ ਜੀ ਨੇ ਦੱਸਿਆ ਕਿ ਉਸ ਨੇ ਇਹ ਪਾਤਰ ਅਤੇ ਕਹਾਣੀਆਂ ਦੇ ਵਿਸ਼ੇ ਛੋਟੀ ਉਮਰੇ ਵੇਖੇ ਹੋਏ ਹਨ।ਉਸ ਦੇ ਪਾਤਰ ਕਿਰਤੀ ਅਤੇ ਮੱਧ ਵਰਗੀ ਲੋਕ ਹਨ ਜੋ ਮਨੁੱਖਤਾ ਨੂੰ ਪਿਆਰ ਕਰਦੇ ਹਨ।ਸ੍ਰੀਮਤੀ ਸੋਹਲ ਨੇ ਕਿਹਾ ਕਿ ਕਹਾਣੀਆਂ ਹਰ ਪਾਠਕ ਨੂੰ ਨਾਲ ਤੋਰ ਲੈਂਦੀਆਂ ਹਨ ਅਤੇ ਪਾਤਰਾਂ ਚਿਤਰਣ ਬੜੀ ਖੂਬਸੂਰਤੀ ਨਾਲ ਕੀਤੇ ਗਏ ਹਨ।ਕਹਾਣੀਆਂ ਦੇ ਵਿਸ਼ੇ ਭਿੰਨ ਭਿੰਨ ਹਨ ਤੇ ਇਹਨਾਂ ਦਾ ਘੇਰਾ 1947 ਦੀ ਵੰਡ ਤੋਂ ਪਹਿਲਾਂ ਸ਼ੁਰੂ ਹੋ ਕੇ ਅਜੋਕੇ ਸਮੇਂ ਤੱਕ ਦਾ ਹੈ।ਡਾ; ਖੀਵਾ ਜੀ ਨੇ ਕਿਹਾ ਕਿ ਕਹਾਣੀਆਂ ਹਰ ਤਕਨੀਕੀ ਪੱਖ ਤੋਂ ਸਫਲ ਹਨ।ਡਾ: ਮਝੈਲ ਕਵੀ ਨਾਲੋਂ ਕਹਾਣੀਕਾਰ ਵੱਧ ਸਫਲ ਹੈ।ਬਲਵਿੰਦਰ ਸਿੰਘ ਢਿਲੋਂ ਨੇ ਡਾ: ਮਝੈਲ ਦੀ ਪਹਿਲੀ ਕਿਤਾਬ ਵਿਚੋਂ ਇਕ ਗੀਤ ਸੁਣਾਇਆ।ਕੇਂਦਰ ਦੇ ਸਰਪ੍ਰਸਤ ਡਾ: ਅਵਤਾਰ ਸਿੰਘ ਪਤੰਗ ਜੀ ਨੇ ਆਏ ਮਹਿਮਾਨਾਂ, ਸਰੋਤਿਆਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।ਬਹੁਤ ਵਧੀਆ ਸ਼ੇਅਰੋ ਸ਼ਾਇਰੀ ਅਤੇ ਕਿਤਾਬ ਬਾਰੇ ਖੂਬਸੂਰਤ ਟਿੱਪਣੀਆਂ ਕਰਦੇ ਹੋਏ ਪਰਮਜੀਤ ਪਰਮ ਨੇ ਮੰਚ ਨੂੰ ਦਿਲਚਸਪ ਬਣਾਈ ਰੱਖਿਆ।ਇਸ ਮੌਕੇ ਪ੍ਰੀਤਮ ਸਿੰਘ ਰੁਪਾਲ, ਡਾ; ਗੁਰਦੇਵ ਸਿੰਘ ਗਿੱਲ, ਡਾ: ਹਰਬੰਸ ਕੌਰ ਗਿੱਲ, ਰਜਿੰਦਰ ਕੌਰ, ਡਾ: ਪੰਨਾ ਲਾਲ ਮੁਸਤਫਾਬਾਦੀ,ਗੁਰਮੇਲ ਸਿੰਘ ਮੋਜੋਵਾਲ,ਹਰਬੰਸ ਸਿੰਘ ਸੋਢੀ, ਬਾਬੂ ਰਾਮ ਦੀਵਾਨਾ,ਦਰਸ਼ਨ ਤਿਊਣਾ,ਬਹਾਦਰ ਸਿੰਘ ਗੋਸਲ, ਜੋਗਿੰਦਰ ਸਿੰਘ ਜੱਗਾ,ਭਰਪੂਰ ਸਿੰਘ, ਲਾਭ ਸਿੰਘ ਲਹਿਲੀ, ਲਾਭ ਸਿੰਘ ਐਡਵੋਕੇਟ, ਨਰਿੰਦਰ ਕੌਰ ਲੌਂਗੀਆ, ਜੇ ਪੀ ਗਰੇਵਾਲ,ਰਾਣੀ ਸੁਮਨ,ਚਰਨਜੀਤ ਕੌਰ ਬਾਠ, ਤਰਲੋਚਨ ਸਿੰਘ ( ਪਬਲਿਸ਼ਰ), ਉਪਦੇਸ਼ ਸਿੰਘ, ਅਰਸ਼ਦੀਪ ਸਿੰਘ ਅਤੇ ਮਝੈਲ ਜੀ ਦੇ ਪਰਿਵਾਰਕ ਮੈਂਬਰ ਹਾਜਰ ਸਨ।

## 'ਦਸਮੇਸ਼ ਗਲੋਬਲ ਸਕੂਲ ਵਿਖੇ 'ਬਾਲ ਦਿਵਸ' ਮਨਾਇਆ ਗਿਆ'



ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 18 ਨਵੰਬਰ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਸਮੇਸ਼ ਗਲੋਬਲ ਸਕੂਲ ਬਰਗਾੜੀ ਵਿਖੇ 'ਬਾਲ ਦਿਵਸ' ਮਨਾਇਆ ਗਿਆ, ਜਿਸ ਵਿੱਚ ਨਰਸਰੀ ਤੋਂ ਤੀਸਰੀ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ। ਬੱਚਿਆਂ ਨੇ ਇਸ ਦਿਨ ਦਾ ਪੂਰੇ ਦਾ ਪੂਰਾ ਅਨੰਦ ਮਾਣਿਆ। ਸਭ ਤੋਂ ਵੱਡੀ ਬੱਚਿਆਂ ਦੀ ਪਸੰਦ ਇਹ ਰਹੀ ਕਿ ਉਹ ਆਪਣੀ ਮਨਪਸੰਹਦ ਦੇ ਕੱਪੜੇ ਪਹਿਨ ਕੇ ਆਏ। ਬੱਚਿਆਂ ਨੇ ਡਾਂਸ ਅਧਿਆਪਕ ਨਾਲ ਡਾਂਸ ਕੀਤਾ ਅਤੇ ਸੰਗੀਤ ਦੇ ਅਧਿਆਪਕ ਨੇ ਬੱਚਿਆਂ ਨੂੰ ਗੀਤ ਸੁਣਾਏ ਅਤੇ ਭੰਗੜਾ ਪਾਉਣ ਲਈ ਮਜ਼ਬੂਰ ਕਰ ਦਿੱਤਾ। ਉਸ ਤੋਂ ਬਾਅਦ ਬੱਚਿਆਂ ਨੂੰ ਸਕੂਲ ਦੇ ਆਰਟ ਅਧਿਆਪਕ ਦੁਆਰਾ ਤਿਆਰ ਕੀਤੀ ਆਰਟ ਗੈਲਰੀ ਦਿਖਾਈ ਗਈ। ਬੱਚਿਆਂ ਨੇ ਉੱਥੇ ਬਹੁਤ ਸਾਰੀਆਂ ਤਸਵੀਰਾਂ ਅਤੇ ਆਰਟ ਨਾਲ ਸੰਬੰਧਤ ਬਹੁਤ ਸਾਰੀਆਂ ਚੀਜ਼ਾਂ ਨੂੰ ਵੇਖਿਆ। ਇਸ ਤੋਂ ਬਾਅਦ ਬੱਚਿਆਂ ਨੂੰ ਸਕੂਲ ਦੇ ਗਾਰਡਨ ਵਿੱਚ ਲੈ ਕੇ ਜਾਇਆ ਗਿਆ ਜਿੱਥੇ ਬੱਚਿਆਂ ਨੇ ਆਪਣੀਆਂ ਮਨਪਸੰਦ ਖੇਡਾਂ ਖੇਡੀਆਂ ਅਤੇ ਝੂਲਿਆਂ ਦਾ ਆਨੰਦ ਮਾਣਿਆ ਬੱਚਿਆਂ ਅਤੇ ਅਧਿਆਪਕਾਂ ਨੇ ਗਾਰਡਨ ਵਿੱਚ ਇਕੱਠਿਆਂ ਬੈਠ ਕੇ ਦੁਪਹਿਰ ਦਾ ਖਾਣਾ ਖਾਦਾ ਅਖੀਰ ਵਿੱਚ ਬੱਚਿਆਂ ਨੂੰ ਸਕੂਲ ਦੇ ਆਡੀਟੋਰੀਅਮ ਵਿੱਚ ਧਾਰਮਿਕ ਫਿਲ਼ਮ ਦਿਖਾਈ ਗਈ ਅਤੇ ਖਾਣ ਲਈ ਪਾਪ-ਕਾਰਨ ਵੀ ਦਿੱਤੇ ਗਏ। ਇਸ ਸਮੇਂ ਬੱਚਿਆਂ ਨੂੰ ਹਰੀਆਂ ਸਬਜ਼ੀਆਂ ਦੀ ਮਹੱਤਤਾ ਦੱਸੀ ਅਤੇ ਫਾਸਟ-ਫੂਡ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਗਈ।

## ਪਿਛਲੇ ਇੱਕ ਮਹੀਨੇ ਵਿੱਚ ਪੰਜਾਬੀ ਕਹਾਣੀਕਾਰ ਦੀਪਤੀ ਬਬੂਟਾ ਨੂੰ ਦੋ ਪੁਰਸਕਾਰ ਮਿਲਣ ਤੇ ਮੁਬਾਰਕਾਂ



ਲੁਧਿਆਣਾ 18 ਨਵੰਬਰ : ਮੋਹਾਲੀ ਵੱਸਦੀ ਪੰਜਾਬੀ ਕਹਾਣੀਕਾਰ ਦੀਪਤੀ ਬਬੂਟਾ ਨੂੰ ਪਿਛਲੇ ਇੱਕ ਮਹੀਨੇ ਵਿੱਚ ਦੋ ਵੱਡੇ ਪੁਰਸਕਾਰ ਮਿਲੇ ਹਨ। ਦੂਜਾ ਪੁਰਸਕਾਰ ਸਭ ਦੁਨੀਆਂ ਨੂੰ ਅੱਜ ਉਦੋਂ ਪਤਾ ਲੱਗਾ ਜਦ ਕੈਨੇਡਾ ਦੀ ਗਲਪ ਸਾਹਿੱਤ ਸਬੰਧੀ ਢਾਹਾਂ ਪੁਰਸਕਾਰ ਦੀ ਚੋਣ ਕਮੇਟੀ ਨੇ ਅੱਜ ਐਲਾਨ ਕੀਤਾ ਕਿ ਇਸ ਸਾਲ ਦਾ ਢਾਹਾਂ ਪੁਰਸਕਾਰ ਦੀਪਤੀ ਬਬੂਟਾ ਨੂੰ ਦਿੱਤਾ ਜਾ ਰਿਹਾ ਹੈ। ਇਸ ਪੁਰਸਕਾਰ ਵਿੱਚ 25ਹਜ਼ਾਰ ਕੈਨੇਡੀਅਨ ਡਾਲਰ ਤੇ ਸਨਮਾਨ ਪੱਤਰ ਸ਼ਾਮਿਲ ਹੈ। ਇਹ ਪੁਰਸਕਾਰ ਤਿੰਨ ਲੇਖਕਾਂ ਨੂੰ ਦਿੱਤਾ ਜਾਂਦਾ ਹੈ। ਦੂਜੇ ਦੋ ਲੇਖਕ ਮੋਹਾਲੀ ਵਾਸੀ ਕਹਾਣੀਕਾਰ ਬਲੀਜੀਤ ਤੇ ਪਾਕਿਸਤਾਨੀ ਲੇਖਕ ਜਮੀਲ ਅਹਿਮਦ ਪਾਲ ਹਨ।
ਦੂਜੇ ਦੋਹਾਂ ਨੂੰ ਦਸ ਦਸ ਹਜ਼ਾਰ ਡਾਲਰ ਮਿਲੇ ਹਨ।
ਤਿੰਨਾਂ ਲੇਖਕਾਂ ਨੂੰ ਵੈਨਕੂਵਰ ਬੁਲਾ ਕੇ ਪੁਰਸਕਾਰ ਦਿੱਤਾ ਗਿਆ ਹੈ। ਪੁਰਸਕਾਰ ਦਾ ਐਲਾਨ ਮੌਕੇ ਤੇ ਹੀ ਕੀਤਾ ਗਿਆ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਹੋਣ ਨਾਤੇ ਪ੍ਰੋ਼ ਗੁਰਭਜਨ ਸਿੰਘ ਗਿੱਲ ਨੇ ਦੀਪਤੀ ਬਬੂਟਾ, ਬਲੀਜੀਤ ਤੇ ਜਮੀਲ ਅਹਿਮਦ ਪਾਲ ਨੂੰ ਮੁਬਾਰਕਬਾਦ ਦਿੱਤੀ ਹੈ।
ਤੁਸੀਂ ਪੁੱਛੋਗੇ ਕਿ ਦੀਪਤੀ ਬਬੂਟਾ ਨੂੰ ਦੂਜਾ ਪੁਰਸਕਾਰ ਕਿਹੜੀ ਮਿਲਿਆ ਹੈ। ਉਹ ਪੁਰਸਕਾਰ ਵੀ ਧਰਤੀ ਦਾ ਬਹੁਤ ਵੱਡਾ ਪੁਰਸਕਾਰ ਹੈ। ਦੀਪਤੀ ਦੇ ਸਪੁੱਤਰ ਅਰਜੁਨ ਬਬੂਟਾ ਦੀ ਅਗਲੀਆਂ ਉਲੰਪਿਕਸ ਖੇਡਾਂ ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਸ਼ੂਟਿੰਗ ਖੇਡ ਵਿੱਚ ਚੋਣ ਹੋਈ ਹੈ। ਇਹ ਪ੍ਰਾਪਤੀ ਬਹੁਤ ਥੋੜੇ ਕਦਰਦਾਨ ਜਾਣਦੇ ਹਨ। ਦੀਪਤੀ ਬਬੂਟਾ ਪਰਿਵਾਰ ਨੂੰ ਦੋਹਾਂ ਪੁਰਸਕਾਰਾਂ ਦੀਆਂ ਅਨੰਤ ਮੁਬਾਰਕਾਂ
ਦੇਸ ਪ੍ਰਦੇਸ ਟਾਈਮਜ਼ ਦੇ ਮੁੱਖ ਸੰਪਾਦਕ ਤੇ ਪੰਜਾਬੀ ਕਵੀ ਸੁਖਵਿੰਦਰ ਸਿੰਘ ਚੋਹਲਾ ਨੇ ਦੱਸਿਆ ਕਿ ਅੱਜ ਸ਼ਾਮ ਇਥੇ ਨਾਰਥ ਵਿਊ ਗੋਲਫ ਕਲੱਬ ਵਿਖੇ ਢਾਹਾਂ ਸਾਹਿਤ ਪੁਰਸਕਾਰ ਵੰਡ ਸਮਾਰੋਹ ਦੌਰਾਨ 25 ਹਜ਼ਾਰ ਡਾਲਰ ਦਾ ਪਹਿਲਾ ਇਨਾਮ ਕਹਾਣੀਕਾਰਾ ਦੀਪਤੀ ਬਬੂਟਾ ਦੇ ਕਹਾਣੀ ਸੰਗ੍ਰਿਹ "ਭੁੱਖ ਇਉਂ ਸਾਹ ਲੈਂਦੀ ਹੈ" ਨੂੰ ਦਿੱਤਾ ਗਿਆ।
ਦੀਪਤੀ ਬਬੂਟਾ ਨੂੰ 25 ਹਜ਼ਾਰ ਡਾਲਰ ਦੇ ਇਨਾਮ ਤੋਂ ਇਲਾਵਾ 10-10 ਹਜ਼ਾਰ ਡਾਲਰ ਦੇ ਇਨਾਮ ਪਾਕਿਸਤਾਨੀ ਲੇਖਕ ਜਮੀਲ ਅਹਿਮਦ ਪਾਲ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ "ਮੈਂਡਲ ਦਾ ਕਨੂੰਨ" ਅਤੇ ਬਲੀਜੀਤ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ "ਉਚੀਆਂ ਆਵਾਜ਼ਾਂ " ਲਈ ਦਿੱਤੇ ਗਏ। ਇਸਤੋਂ ਪਹਿਲਾਂ ਉਘੀ ਕਵਿਤਰੀ ਤੇ ਕਲਾਕਾਰ ਕੀਰਤ ਕੌਰ ਨੇ ਦਰਸ਼ਕਾਂ ਤੇ ਸਰੋਤਿਆਂ ਨਾਲ ਸਾਂਝ ਪਾਈ ਤੇ ਸੰਗੀਤਕ ਧੁਨਾਂ ਦੌਰਾਨ ਦੋ ਪੰਜਾਬੀ ਗੀਤ ਵੀ ਗਾ ਕੇ ਸੁਣਾਏ।
ਮੰਚ ਸੰਚਾਲਨ ਦੀ ਜਿੰਮੇਵਾਰੀ ਆਰ ਸੀ ਐਮ ਪੀ ਦੇ ਪਹਿਲੇ ਸਿੱਖ ਅਫਸਰ ਬਲਤੇਜ ਸਿੰਘ ਢਿੱਲੋਂ ਨੇ ਅੰਗਰੇਜੀ ਤੇ ਪੰਜਾਬੀ ਭਾਸ਼ਾਵਾਂ ਵਿਚ ਬਾਖੂਬੀ ਨਿਭਾਈ। ਇਸ ਮੌਕੇ ਸਰੀ ਦੀ ਮੇਅਰ ਬਰੈਂਡਾ ਲੌਕ, ਸਿੱਖਿਆ ਮੰਤਰੀ ਰਚਨਾ ਸਿੰਘ, ਪਾਕਿਸਤਾਨ ਦੇ ਸਾਬਕਾ ਐਮ ਐੱਨ ਏ ਰਾਏ ਅਜ਼ੀਜ਼ ਉਲ੍ਹਾ ਖਾਨ , ਸਾਬਕਾ ਪ੍ਰੀਮੀਅਰ ਉਜਲ ਦੋਸਾਂਝ, ਤ੍ਰੈਮਾਸਿਕ ਪੱਤਰ ਸਿਰਜਣਾ ਦੇ ਸੰਪਾਦਕ ਡਾ ਰਘਬੀਰ ਸਿੰਘ ਸਿਰਜਣਾ, ਪੰਜਾਬੀ ਕਵੀ ਅਜਮੇਰ ਰੋਡੇ, ਡਾ ਸਾਧੂ ਬਿੰਨਿੰਗ, ਨਾਵਲਕਾਰ ਜਰਨੈਲ ਸਿੰਘ ਸੇਖਾ ਤੇ ਅਵਤਾਰ ਸਿੰਘ ਬਿਲਿੰਗ, ਕਵੀ ਮੋਹਨ ਗਿੱਲ, ਹੈਰੀ ਕੂਨਰ, ਪਿਕਸ ਦੇ ਸੀ ਈ ਓ ਸਤਬੀਰ ਸਿੰਘ ਚੀਮਾ, ਡਾ ਰਾਮਿੰਦਰ ਪਾਲ ਸਿੰਘ ਕੰਗ ਇੰਦਰਜੀਤ ਹੁੰਦਲ, ਉਘੇ ਬਿਜਨੈਸਮੈਨ ਅਮਰੀਕ ਸੰਘਾ, ਸਾਬੀ ਖਹਿਰਾ, ਮਲਕੀਤ ਸਿੰਘ ਧਾਮੀ, ਜਰਨੈਲ ਸਿੰਘ ਭੰਡਾਲ, ਗੁਰਬਖਸ਼ ਸਿੰਘ ਸੰਘੇੜਾ, ਅਨੀਤਾ ਹੁਬਰਮੈਨ, ਪੁਲੀਸ ਅਧਿਕਾਰੀ ਜੈਗ ਖੋਸਾ, ਨਵਜੋਤ ਢਿੱਲੋਂ, ਮੀਡੀਆ ਕਰਮੀ ਦਿਲਬਰ ਕੰਗ ਤੇ ਹੋਰ ਵਿਸ਼ੇਸ਼ ਮਹਿਮਾਨਾਂ ਵਿਚ ਸ਼ਾਮਿਲ ਸਨ।
ਢਾਹਾਂ ਸਾਹਿਤ ਪੁਰਸਕਾਰ ਕਮੇਟੀ ਦੇ ਚੇਅਰਮੈਨ ਬਰਜਿੰਦਰ ਸਿੰਘ ਬਾਰਜ ਢਾਹਾਂ ਨੇ ਢਾਹਾਂ ਸਾਹਿਤ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਤੇ ਪੁਰਸਕਾਰ ਵੰਡ ਸਮਾਰੋਹ ਵਿਚ ਸ਼ਾਮਿਲ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਭਾਰਤ ਸੰਕਲਪ ਯਾਤਰਾ ਫਰੀਦਕੋਟ ਵਿਖੇ ਹੋਵੇਗੀ ਸ਼ੁਰੂ : ਡਾ: ਅਮਰਪ੍ਰੀਤ ਦੁੱਗਲਂ ਲਈ ਸ਼ਨਾਖ਼ਤੀ ਕਾਰਡ ਬਣਾਕੇ ਵੰਡੇ ਗਏ

### ਭਾਰਤ ਸਰਕਾਰ ਦੀ ਜੋਆਇੰਟ ਸੈਕਟਰੀ ਨੇ ਸਮੂਹ ਵਿਭਾਗਾਂ ਨਾਲ ਕੀਤੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾ

ਫਰੀਦਕੋਟ,18 ਨਵੰਬਰ : ਸਰਕਾਰ ਨੇ ਕਮਜੋਰ ਵਰਗ ਨੂੰ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਜਲਦ ਹੀ ਇਕ ਸੰਕਲਪ ਯਾਤਰਾ ਕੱਢੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਭਾਰਤ ਸਰਕਾਰ ਦੀ ਜੋਆਇੰਟ ਸਿੱਖਿਆ ਮੰਤਰਾਲੇ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੇ ਸੰਯੁਕਤ ਸਕੱਤਰ ਡਾ: ਅਮਰਪ੍ਰੀਤ ਦੁੱਗਲ ਨੇ ਦੱਸਿਆ ਕਿ ਇਸ ਯਾਤਰਾ ਦੌਰਾਨ 3 ਮੋਬਾਇਲ ਵੈਨਾ ਜਿਲ੍ਹੇ ਦੇ ਸਾਰੇ 171 ਪਿੰਡਾਂ ਵਿੱਚ 243 ਪੰਚਾਇਤਾਂ ਵੀ ਸ਼ਾਮਲ ਹਨ। ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਅਤੇ ਐਸ.ਐਸ.ਪੀ ਹਰਜੀਤ ਸਿੰਘ ਦੀ ਹਾਜਰੀ ਵਿਚ ਡਾ: ਦੁੱਗਲ ਨੇ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਦੀ ਵਰਤੋਂ ਕਰਦਿਆਂ ਦੱਸਿਆ ਕਿ ਯਾਤਰਾ ਦਾ ਮੁੱਖ ਮੰਤਵ ਜ਼ਮੀਨੀ ਪੱਧਰ 'ਤੇ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਾ ਪ੍ਰਸਾਰ ਅਤੇ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਮੋਬਾਇਲ ਵੈਨਾਂ ਫਰੀਦਕੋਟ ਜਿਲ੍ਹੇ ਦੇ ਸਾਰੇ 171 ਪਿੰਡਾਂ ਵਿੱਚ 243 ਪੰਚਾਇਤਾਂ ਵਿਖੇ ਪਹੁੰਚ ਕੇ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਣੂੰ ਕਰਵਾਉਣਗੀ ਆਂ। ਉਨ੍ਹਾਂ ਕਿਹਾ ਕਿ ਨੋਡਲ ਵਿਭਾਗ



(ਪੇਂਡੂ ਵਿਕਾਸ) ਤੋਂ ਇਲਾਵਾ ਸਾਰੇ ਅਧਿਕਾਰੀ ਨਾ ਸਿਰਫ ਸਰਕਾਰੀ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਗੇ ਆਉਣਗੇ, ਬਲਕਿ ਲੋੜਵੰਦਾਂ ਨੂੰ ਲਾਭ ਪ੍ਰਾਪਤ ਕਰਨ ਵਿੱਚ ਵੀ ਮਦਦ ਕਰਨਗੇ। "ਕੇਂਦਰ ਸਰਕਾਰ ਦੀਆਂ 17 ਮਹੱਤਵਪੂਰਨ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਤੋਂ ਇਲਾਵਾ, ਯਾਤਰਾ ਦੌਰਾਨ ਸੰਭਾਵੀ ਲਾਭਪਾਤਰੀਆਂ ਨੂੰ ਸ਼ਾਮਲ ਕਰਨ ਦੀ ਯੋਜਨਾ ਹੈ। ਡਾ. ਦੁੱਗਲ ਨੇ ਕਿਹਾ ਕਿ 17 ਪ੍ਰਮੁੱਖ ਯੋਜਨਾਵਾਂ ਵਿੱਚ ਆਯੁਸ਼ਮਾਨ ਭਾਰਤ (PMJAY), ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ, ਪ੍ਰਧਾਨ ਮੰਤਰੀ ਉੱਜਵਲਾ ਯੋਜਨਾ, ਪ੍ਰਧਾਨ ਮੰਤਰੀ ਕਿਸਾਨ ਸਨਮਾਨ, ਜਨ-ਧਨ ਯੋਜਨਾ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਦੇਸ਼ ਭਰ ਦੇ 110 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਭਾਰਤ ਦੇ ਹੋਰ ਜਿਲ੍ਹਿਆਂ ਵਿਚ ਇਹ ਯਾਤਰਾ 15 ਨਵੰਬਰ ਤੋਂ ਸ਼ੁਰੂ ਕੀਤੀ ਗਈ ਹੈ ਅਤੇ ਬਾਕੀ ਦੇ ਜਿਲਿਆਂ ਵਿਚ ਨਵੰਬਰ 2023 ਦੇ ਤੀਜੇ ਹਫਤੇ ਵਿਚ ਸ਼ੁਰੂ ਕੀਤੀ ਜਾਵੇਗੀ। ਸੰਯੁਕਤ ਸਕੱਤਰ ਨੇ ਕਿਹਾ ਕਿ ਪੇਂਡੂ ਖੇਤਰਾਂ ਨੂੰ ਕਵਰ ਕਰਨ ਤੋਂ ਇਲਾਵਾ, ਇਸ ਮੁਹਿੰਮ ਦਾ ਧਿਆਨ ਝੁੱਗੀ-ਝੌਂਪੜੀ ਅਤੇ ਸੰਘਣੀ ਸ਼ਹਿਰੀ ਬਸਤੀਆਂ 'ਤੇ ਵੀ ਕੇਂਦਰਿਤ ਹੋਵੇਗਾ। ਵੈਨਾਂ ਵਿੱਚ ਐਲ.ਈ.ਡੀ ਸਕਰੀਨਾਂ, ਸਟੈਂਡੀਜ਼, ਪੈਨਲ, ਕਿਤਾਬਚੇ, ਬਰੋਸ਼ਰ ਅਤੇ ਚੁਣੇ ਹੋਏ ਵੀਡੀਓ ਅਤੇ ਫਿਲਮਾਂ ਸ਼ਾਮਲ ਹੋਣਗੀਆਂ ਜੋ ਆਡੀਓ-ਵਿਜ਼ੂਅਲ ਸਮੱਗਰੀ ਅਤੇ ਲਾਭਪਾਤਰੀਆਂ ਦੀਆਂ ਵਿਡੀਓਜ਼ ਵੀ ਸ਼ਾਮਲ ਹੋਣਗੀਆਂ। ਸੱਭਿਆਚਾਰਕ ਪ੍ਰਦਰਸ਼ਨ ਅਤੇ ਗਤੀਵਿਧੀਆਂ ਵੀ ਇਸ ਮੁਹਿੰਮ ਦਾ ਹਿੱਸਾ ਹੋਣਗੀਆਂ। ਮੀਟਿੰਗ ਵਿੱਚ ਏਡੀਸੀ (ਡੀ) ਨਿਰਭਿੰਦਰ ਸਿੰਘ, ਐਸ.ਡੀ.ਐਮ. ਫਰੀਦਕੋਟ ਮੇਜਰ ਵਰੁਣ ਕੁਮਾਰ, ਐਸ.ਡੀ.ਐਮ. ਜੈਤੋ ਪਰਲੀਨ ਕੌਰ, ਐਸ.ਡੀ.ਐਮ. ਕੋਟਕਪੂਰਾ ਵੀਰਪਾਲ ਕੌਰ ਅਤੇ ਡੀ.ਪੀ.ਆਰ.ਓ. ਗੁਰਦੀਪ ਸਿੰਘ ਮਾਨ ਵੀ ਹਾਜ਼ਰ ਸਨ।

## ਜ਼ਿਲ੍ਹੇ ਵਿਚ ਬਾਲ ਮਜ਼ਦੂਰੀ ਖ਼ਾਤਮਾ ਸਪਤਾਹ 20 ਤੋਂ 24 ਨਵੰਬਰ ਤੱਕ ਮਨਾਇਆ ਜਾਵੇਗਾ : ਵਿਨੀਤ ਕੁਮਾਰ

### ਬਾਲ ਮਜ਼ਦੂਰਾਂ ਨੂੰ ਮੁਕਤ ਕਰਵਾਉਣ ਲਈ ਹੋਵੇਗੀ ਛਾਪੇਮਾਰੀ : ਡਿਪਟੀ ਕਮਿਸ਼ਨਰ



ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾ

ਫਰੀਦਕੋਟ,18 ਨਵੰਬਰ : ਕਿਰਤ ਕਮਿਸ਼ਨਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾ ਤਹਿਤ ਨਵੰਬਰ ਮਹੀਨੇ ਦੌਰਾਨ ਜ਼ਿਲ੍ਹੇ `ਚ ਬਾਲ ਅਤੇ ਕਿਸ਼ੋਰ ਮਜ਼ਦੂਰੀ ਖ਼ਾਤਮਾ ਸਪਤਾਹ 20-11-2023 ਤੋਂ 24-11-2023 ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਇਸ ਸਪਤਾਹ ਦੌਰਾਨ ਖ਼ਤਰਨਾਕ ਕਿੱਤਿਆਂ ਤੇ ਪ੍ਰੋਸੈਸਿਜ ਅਤੇ ਗੈਰ ਖ਼ਤਰਨਾਕ ਕਿੱਤਿਆਂ ਤੇ ਪ੍ਰੋਸੈਸਿੰਗ ਵਿਚ ਅਚਨਚੇਤ ਛਾਪੇ ਮਾਰਨ, ਲੱਭੇ ਗਏ ਬਾਲ ਮਜ਼ਦੂਰਾਂ ਦੇ ਪੁਨਰਵਾਸ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਸੀਨੀਅਰ ਪੁਲੀਸ ਕਪਤਾਨ,ਉਪ ਮੰਡਲ ਮੈਜਿਸਟ੍ਰੇਟ,(ਫ਼ਰੀਦਕੋਟ ਕੋਟਕਪੂਰਾ ਅਤੇ ਜੈਤੋ ) ਸਿਵਲ ਸਰਜਨ, ਕਾਰਜ ਸਾਧਕ ਅਫਸਰ, ਨਗਰ ਕੌਂਸਲ ਫਰੀਦਕੋਟ, ਕੋਟਕਪੂਰਾ ਅਤੇ ਜੈਤੋ, ਸਹਾਇਕ ਡਾਇਰੈਕਟਰ ਆਫ ਫੈਕਟਰੀਜ ਮੋਗਾ, ਜਿਲ੍ਹਾ ਬਾਲ ਸੁਰੱਖਿਆ ਅਫਸਰ ਅਤੇ ਸਮਾਜਿਕ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਫਰੀਦਕੋਟ, ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਤੇ ਸੈਕੰਡਰੀ, ਸਹਾਇਕ ਕਿਰਤ ਕਮਿਸ਼ਨਰ, ਮੋਗਾ, ਕਿਰਤ ਇੰਸਪੈਕਟਰ ਗ੍ਰੇਡ-2 ਕੋਟਕਪੂਰਾ ਐਟ ਫਰੀਦਕੋਟ ਦੇ ਅਧਿਕਾਰੀਆਂ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਵੰਡ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਟੀਮਾਂ ਸਬੰਧਿਤ ਸਬ ਡਵੀਜ਼ਨਲ ਮੈਜਿਸਟ੍ਰੇਟ ਦੀ ਅਗਵਾਈ ਵਿਚ ਹਫਤੇ ਦੌਰਾਨ ਚੈਕਿੰਗ ਕਰ ਕੇ ਆਪਣੀ ਰਿਪੋਰਟ ਸਹਾਇਕ ਕਿਰਤ ਕਮਿਸ਼ਨਰ, ਮੋਗਾ ਨੂੰ ਭੇਜਣਗੀਆਂ ਅਤੇ ਸਹਾਇਕ ਕਿਰਤ ਕਮਿਸ਼ਨਰ ਵੱਲੋਂ ਇਹ ਰਿਪੋਰਟਾਂ ਸਰਕਾਰ ਨੂੰ ਭਿਜਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਕਿਸੇ ਵੀ ਢਿੱਲ ਜਾਂ ਅਣਗਹਿਲੀ ਲਈ ਸਬੰਧਿਤ ਵਿਭਾਗ ਦੀ ਜ਼ੁੰਮੇਵਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਜਿੱਥੇ ਬਾਲ ਮਜ਼ਦੂਰੀ ਖ਼ਤਮ ਕਰਕੇ ਬੱਚਿਆਂ ਨੂੰ ਸਰੀਰਕ, ਮਾਨਸਿਕ ਪੱਖੋਂ ਤੰਦਰੁਸਤ ਬਣਾਉਣਾ ਹੈ, ਉੱਥੇ ਹੀ ਲੋਕਾਂ ਨੂੰ ਬਾਲ ਮਜ਼ਦੂਰੀ ਦੇ ਖ਼ਾਤਮੇ ਲਈ ਜਾਗਰੂਕ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਦ ਚਾਈਲਡ ਐਂਡ ਅਡੋਲੋਸੈਂਟ ਲੇਬਰ (ਪ੍ਰੋਹਿਬੇਸ਼ਨ ਐਂਡ ਰੈਗੂਲੇਸ਼ਨ) ਅਮੈਡਮੈਂਟ ਐਕਟ 2016 ਦੇ ਉਪਬੰਧਾਂ ਅਤੇ ਭਾਰਤ ਸਰਕਾਰ ਵੱਲੋਂ ਜਾਰੀ ਐਸ.ਓ.ਪੀ. ਅਨੁਸਰ ਬੱਚਿਆਂ ਤੋਂ ਮਜ਼ਦੂਰੀ ਕਰਵਾਉਣ ਦੀ ਮੁਕੰਮਲ ਮਨਾਹੀ ਹੈ। ਉਨ੍ਹਾਂ ਕਿਹਾ ਕਿ ਇਸ ਮਨਾਹੀ ਦੀ ਉਲੰਘਣਾ ਕਰਕੇ ਬਾਲ ਮਜ਼ਦੂਰੀ ਕਰਵਾਉਣ ਵਾਲੇ ਨੂੰ ਬਣਦਾ ਜੁਰਮਾਨਾ ਅਤੇ ਸਜ਼ਾ ਵੀ ਹੋ ਸਕਦੀ ਹੈ।